# ਰਾਜ ਵਿਦਿਅਕ ਖ਼ੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

**ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8, ਐਸ.ਏ.ਐਸ.ਨਗਰ, ਮੋਹਾਲੀ,**

**ਈਮੇਲ: directorscert@punjabeducation.gov.in, ਫੋਨ ਨੰ: 0172-2212221**

(ਵੈਬਸਾਈਟ ਰਾਹੀ)

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ/ਐ.ਸਿੱ)
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ
ਸਮੂਹ ਸਕੂਲ ਮੁਖੀ (ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਸਕੂਲ)

ਮੀਮੋ ਨੰ: SCERT/e-213712/SRP-MATH/2023325431 ਮਿਤੀ: 12.12.2023

**ਵਿਸ਼ਾ:- ਮਿਤੀ 16.12.2023 ਨੂੰ ਸਮੂਹ ਸਰਕਾਰੀ ਸਕੂਲਾਂ ਵਿੱਚ ਮਾਪੇ-ਅਧਿਆਪਕ ਮਿਲਣੀ Mega PTM ਦਾ ਆਯੋਜਨ ਕਰਨ ਸੰਬੰਧੀ।**

**1.0** ਸਕੂਲ ਸਿੱਖਿਆ ਵਿਭਾਗ, ਪੰਜਾਬ ਵਲੋਂ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਗੁਣਾਤਮਿਕ ਸਿੱਖਿਆ ਦੇਣ ਲਈ ਅਤੇ ਵਿਦਿਆਰਥੀਆਂ ਦੇ ਮਾਪਿਆਂ ਅਤੇ ਅਧਿਆਪਕਾਂ ਵਿੱਚ ਬਿਹਤਰ ਤਾਲਮੇਲ ਬਣਾਉਣ ਦੇ ਉਦੇਸ਼ ਨਾਲ ਮਿਤੀ 16.12.2023 ਦਿਨ ਸ਼ਨੀਵਾਰ ਨੂੰ ਰਾਜ ਦੇ ਸਮੂਹ ਸਰਕਾਰੀ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਸਕੂਲਾਂ ਵਿੱਚ ਮਾਪੇ ਅਧਿਆਪਕ ਮਿਲਣੀ **Mega PTM** ਕਰਵਾਈ ਜਾ ਰਹੀ ਹੈ।

**2.0** ਮਾਪੇ ਅਧਿਆਪਕ ਮਿਲਣੀ **Mega PTM** ਦਾ ਸਮਾਂ ਸਵੇਰੇ 10:00 ਵਜੇ ਤੋਂ ਸ਼ਾਮ 3:30 ਵਜੇ ਤੱਕ ਹੋਵੇਗਾ।

**3.0** ਮਿਤੀ: 16-12-2023 ਨੂੰ ਹੋ ਰਹੀ ਮਾਪੇ ਅਧਿਆਪਕ ਮਿਲਣੀ **Mega PTM** ਵਿੱਚ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਪ੍ਰੀ-ਪ੍ਰਾਇਮਰੀ ਤੋਂ ਬਾਰ੍ਹਵੀਂ ਜਮਾਤ ਦੇ ਸਮੂਹ ਵਿਦਿਆਰਥੀਆਂ ਦੇ ਮਾਪਿਆਂ ਦੀ 100 ਪ੍ਰਤੀਸ਼ਤ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਦਾ ਟੀਚਾ ਹੈ।

**4.0** **Mega PTM ਦਾ ਅਜੰਡਾ**: ਇਸ ਮਾਪੇ ਅਧਿਆਪਕ ਮਿਲਣੀ **Mega PTM** ਵਿੱਚ ਸਕੂਲ ਮੁਖੀਆਂ ਅਤੇ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਦੇ ਮਾਪਿਆਂ ਨਾਲ ਵਿਦਿਆਰਥੀਆਂ ਦੀ ਅਕਾਦਮਿਕ ਕਾਰਗੁਜ਼ਾਰੀ ਸਾਂਝੀ ਕਰਨ ਦੇ ਨਾਲ-ਨਾਲ ਉਹਨਾਂ ਦੇ ਸਰੀਰਕ, ਮਾਨਸਿਕ, ਭਾਵਨਾਤਮਕ ਅਤੇ ਸਮਾਜਕ ਵਿਕਾਸ ਬਾਰੇ ਚਰਚਾ ਅਤੇ ਆਉਣ ਵਾਲੀਆਂ ਸਲਾਨਾ ਪ੍ਰੀਖਿਆਵਾਂ ਲਈ ਘਰ ਅਤੇ ਸਕੂਲ ਵਿੱਚ ਬਿਹਤਰ ਮਾਹੌਲ ਦੀ ਸਿਰਜਣਾ ਅਤੇ ਤਾਲਮੇਲ ਬਾਰੇ ਗੱਲਬਾਤ ਕੀਤੀ ਜਾਣੀ ਹੈ। ਇਸ ਤੋਂ ਇਲਾਵਾ ਵਿਦਿਆਰਥੀਆਂ ਦੇ ਮਾਪਿਆਂ ਅਤੇ ਆਮ ਲੋਕਾਂ ਨਾਲ ਸਕੂਲ ਸਿੱਖਿਆ ਵਿਭਾਗ ਪੰਜਾਬ ਸਰਕਾਰ ਵੱਲੋਂ ਗੁਣਾਤਮਕ ਸਿੱਖਿਆ ਸੁਧਾਰਾਂ ਲਈ ਕੀਤੇ ਜਾ ਰਹੇ ਨਵੇਕਲੇ ਉਪਰਾਲਿਆਂ ਜਿਵੇਂ ਕਿ: ਮਿਸ਼ਨ ਸਮਰੱਥ, ਬੋਰਡ ਦੀਆਂ ਜਮਾਂਤਾ 8ਵੀਂ, 10ਵੀਂ ਅਤੇ 12ਵੀਂ ਲਈ ਮਿਸ਼ਨ 100 ਪ੍ਰਤੀਸ਼ਤ ਅਤੇ ਮਾਪਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਵੱਧ ਤੋਂ ਵੱਧ ਬੱਚੇ ਦਾਖਲ ਕਰਵਾਉਣ ਲਈ ਦਾਖਲਾ ਮੁਹਿਮ ਸੰਬੰਧੀ ਜਾਣਕਾਰੀ ਦਿੱਤੀ ਜਾਵੇ ਤਾਂ ਜੋ ਪੰਜਾਬ ਰਾਜ ਦਾ ਕੋਈ ਵੀ ਬੱਚਾ ਸਿੱਖਿਆ ਤੋਂ ਵਾਂਝਾਂ ਨਾ ਰਹੇ। ਇਸ ਤੋਂ ਇਲਾਵਾ ਵਿਦਿਆਰਥੀਆਂ ਲਈ ਇਸ ਸਾਲ ਲਗਾਏ ਜਾ ਰਹੇ Winter Camp, ਨੇੜੇ ਦੇ ਸਕੂਲ

ਆਫ਼ ਐਮੀਨੈਂਸ ਵਿਚ ਨਵੇਂ ਸ਼ੈਸ਼ਨ ਵਿੱਚ ਦਾਖਲੇ ਲਈ ਵਿਦਿਆਰਥੀਆਂ ਦੀ ਤਿਆਰੀ, ਬਿਜ਼ਨਸ ਬਲਾਸਟਰ, ਜ਼ੀਰੋ Drop Out, ਵਿਦਿਆਰਥੀਆਂ ਦੀ ਸਕੂਲ ਵਿੱਚ 100% ਹਾਜ਼ਰੀ, ਨਵੇਂ ਸੈਸ਼ਨ ਲਈ ਦਾਖ਼ਲਾ ਆਦਿ ਬਾਰੇ ਜਾਣਕਾਰੀ ਸਾਂਝੀ ਕੀਤੀ ਜਾਵੇ।

5.0 **ਸਕੂਲ ਪੱਧਰ ਤੇ ਯੋਜਨਾਬੰਦੀ**: ਇਸ ਮਾਪੇ-ਅਧਿਆਪਕ ਮਿਲਣੀ ਨੂੰ ਸਫ਼ਲ ਬਣਾਉਣ ਲਈ ਸਕੂਲ ਪੱਧਰ ਤੇ ਹੇਠ ਲਿਖੇ ਅਨੁਸਾਰ ਯੋਜਨਾਬੰਦੀ ਉਲੀਕੀ ਜਾਵੇ:

5.1 **ਮਾਪੇ ਅਧਿਆਪਕ ਮਿਲਣੀ ਤੋਂ ਪਹਿਲਾਂ ਕਰਵਾਈਆ ਜਾਣ ਵਾਲੀਆਂ ਗਤੀਵਿਧੀਆਂ ਦਾ ਵੇਰਵਾ :**

- ਸਕੂਲ ਦੀ ਸਾਫ਼ ਸਫ਼ਾਈ ਅਤੇ ਸੋਹਣੀ ਦਿੱਖ ਲਈ ਮਿਤੀ 13.12.2023 ਤੋਂ 15.12.2023 ਤੱਕ ਸਕੂਲ ਵਿੱਚ School cleanliness Drive ਚਲਾਈ ਜਾਵੇ।
- ਸਕੂਲ ਵੱਲੋਂ ਸਮੂਹ ਵਿਦਿਆਰਥੀਆਂ ਦੇ ਮਾਪਿਆਂ, ਪੰਚਾਇਤ ਮੈਂਬਰਾਂ, ਐੱਸ.ਐੱਮ.ਸੀ ਮੈਂਬਰਾਂ, ਇਲਾਕੇ ਜਾਂ ਪਿੰਡ ਦੇ ਪੱਤਵੰਤੇ ਸੱਜਣਾਂ ਅਤੇ ਲੋਕ ਨੁਮਾਇੰਦਿਆਂ ਨੂੰ ਸੱਦਾ ਦਿੱਤਾ ਜਾਵੇ। ਹਰੇਕ ਸਕੂਲ ਦੁਆਰਾ ਨੇੜੇ ਦੇ ਧਾਰਮਿਕ/ਸਰਵਜਨਿਕ ਸਥਾਨਾਂ ਤੋਂ ਅਨਾਊਸਮੈਂਟ ਰਾਹੀਂ ਮਾਪੇ-ਅਧਿਆਪਕ ਮਿਲਣੀ ਸੰਬੰਧੀ ਜਾਣਕਾਰੀ ਸਾਂਝੀ ਕੀਤੀ ਜਾਵੇ।
- ਸਕੂਲ ਮੁਖੀਆਂ ਦੁਆਰਾ ਮਾਪੇ-ਅਧਿਆਪਕ ਮਿਲਣੀ ਤੋਂ ਪਹਿਲਾਂ ਅਧਿਆਪਕਾਂ ਅਤੇ SMC ਮੈਂਬਰਾਂ ਨਾਲ ਮੀਟਿੰਗ ਕੀਤੀ ਜਾਵੇ ਅਤੇ ਅਧਿਆਪਕਾਂ ਦੁਆਰਾ ਲੋੜ ਪੈਣ ਤੇ ਸੀਨੀਅਰ ਜਮਾਤਾਂ ਦੇ ਵਿਦਿਆਰਥੀਆਂ ਦੀਆਂ ਡਿਊਟੀਆਂ ਵੀ ਪਹਿਲਾਂ ਤੋਂ ਹੀ ਲਗਾਈਆਂ ਜਾ ਸਕਦੀਆਂ ਹਨ।
- ਸਕੂਲ ਵੱਲੋਂ ਸੋਸ਼ਲ ਮੀਡੀਆ ਪਲੇਟਫਾਰਮ ਰਾਹੀਂ ਪੋਸਟਰ, ਆਡੀਓ/ਵੀਡੀਓ ਮੈਸੇਜ ਜਾਗਰੂਕਤਾ ਲਈ ਸਾਂਝੇ ਕੀਤੇ ਜਾਣ।
- ਜਮਾਤ ਇੰਚਾਰਜ ਉਹਨਾਂ ਵਿਦਿਆਰਥੀਆਂ ਦੀ ਸੂਚੀ ਤਿਆਰ ਕਰਨਗੇ ਜਿਨ੍ਹਾਂ ਦੇ ਮਾਪੇ ਪਹਿਲਾਂ ਹੋਈਆਂ ਮਾਪੇ-ਅਧਿਆਪਕ ਮਿਲਣੀਆਂ ਵਿੱਚ ਹਾਜਰ ਨਹੀਂ ਹੋਏ। ਅਜਿਹੇ ਵਿਦਿਆਰਥੀਆਂ ਦੀ ਇੱਕ ਸੂਚੀ ਸਬੰਧਤ ਸਕੂਲ ਮੁੱਖੀ ਦੁਆਰਾ ਵੀ ਰੱਖੀ ਜਾਵੇਗੀ। ਤਾਂ ਜੋ ਅਜਿਹੇ ਮਾਪਿਆਂ ਨੂੰ ਸੱਦਾ ਭੇਜ ਕੇ ਮਿਲਣੀ ਵਿੱਚ ਹਾਜਰ ਹੋਣਾ ਯਕੀਨੀ ਬਣਾਇਆ ਜਾ ਸਕੇ।
- ਮਿਤੀ 16.12.2023 ਤੋਂ ਪਹਿਲਾਂ ਰੋਜਾਨਾ ਸਵੇਰ ਦੀ ਸਭਾ ਦੌਰਾਨ ਵਿਦਿਆਰਥੀਆਂ ਨੂੰ ਸਕੂਲ ਮੁਖੀਆਂ ਦੁਆਰਾ ਸੰਬੋਧਨ ਕਰਦੇ ਹੋਏ ਮਾਪੇ-ਅਧਿਆਪਕ ਮਿਲਣੀ ਸੰਬੰਧੀ ਜਾਣਕਾਰੀ ਦਿੱਤੀ ਜਾਵੇ ਅਤੇ ਉਹਨਾਂ ਨੂੰ ਮਾਪੇ-ਅਧਿਆਪਕ ਮਿਲਣੀ ਵਾਲੇ ਦਿਨ ਆਪਣੇ ਮਾਪਿਆਂ ਨੂੰ ਨਾਲ ਲੈ ਕੇ ਆਉਣ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ।

5.2 **ਮਿਤੀ 16.12.2023 ਨੂੰ ਮਾਪੇ -ਅਧਿਆਪਕ ਮਿਲਣੀ ਵਾਲੇ ਦਿਨ ਦੀਆਂ ਗਤੀਵਿਧੀਆਂ :**

- ਮਾਪੇ-ਅਧਿਆਪਕ ਮਿਲਣੀ ਦੇ ਸਫ਼ਲ ਆਯੋਜਨ ਲਈ ਮਿਤੀ 16.12.2023 ਨੂੰ ਸਮੂਹ ਸਕੂਲ ਸਟਾਫ਼ ਸਕੂਲ ਵਿੱਚ ਹਾਜ਼ਰ ਰਹੇਗਾ। ਸਕੂਲ ਮੁਖੀ ਦੀ ਅਗਵਾਈ ਵਿੱਚ ਪੂਰੇ ਸਟਾਫ਼ ਦੇ ਸਹਿਯੋਗ ਨਾਲ ਮਾਪੇ-ਅਧਿਆਪਕ ਮਿਲਣੀ ਦੇ ਆਯੋਜਨ ਨੂੰ ਪੂਰੇ ਪ੍ਰਭਾਵਸ਼ਾਲੀ ਤਰੀਕੇ ਨਾਲ ਨੇਪਰੇ ਚਾੜ੍ਹਿਆ ਜਾਵੇ। ਸਕੂਲ ਦੇ ਵਿਦਿਆਰਥੀ ਆਪਣੇ ਮਾਪਿਆਂ ਦੇ ਨਾਲ ਮਾਪੇ-ਅਧਿਆਪਕ ਮਿਲਣੀ ਵਿੱਚ ਭਾਗ ਲੈਣਗੇ।

- ਇਸ ਸਬੰਧ ਵਿੱਚ, ਹਰੇਕ ਵਿਦਿਆਰਥੀ ਦੇ ਮਾਪਿਆਂ ਦਾ ਵਿਦਿਆਰਥੀਆਂ ਜਾਂ ਅਧਿਆਪਕਾਂ ਦੀਆਂ ਡਿਊਟੀਆਂ ਲਗਾ ਕੇ ਗੇਟ 'ਤੇ ਸਵਾਗਤ ਕੀਤਾ ਜਾਵੇ।

- ਮਾਪਿਆਂ ਅਤੇ ਹੋਰ ਕਮਿਊਨਿਟੀ ਮੈਂਬਰਾਂ ਦੇ ਬੈਠਣ ਦਾ ਢੁਕਵਾਂ ਪ੍ਰਬੰਧ ਕੀਤਾ ਜਾਵੇ। ਇਸ ਤੋਂ ਇਲਾਵਾ ਇਨ੍ਹਾਂ ਲਈ ਚਾਹ ਅਤੇ ਰਿਫਰੈਸ਼ਮੈਂਟ ਦਾ ਪ੍ਰਬੰਧ ਵੀ ਕੀਤਾ ਜਾ ਸਕਦਾ ਹੈ।

- ਸਕੂਲ ਲਾਇਬ੍ਰੇਰੀ ਦੀਆਂ ਕਿਤਾਬਾਂ ਦੀ ਪ੍ਰਦਰਸ਼ਨੀ ਲਗਾਈ ਜਾਵੇ ਅਤੇ ਸਰਦ ਰੁੱਤ ਦੀਆਂ ਛੁਟੀਆਂ ਲਈ ਵਿਦਿਆਰਥਾਂ ਨੂੰ ਕਿਤਾਬਾਂ ਪੜ੍ਹਨ ਲਈ ਦਿੱਤੀਆਂ ਜਾਣ। ਇਸ ਤੋਂ ਇਲਾਵਾ ਵੱਖ ਵੱਖ ਵਿਸ਼ਿਆਂ ਦੀ ਪੜ੍ਹਨ ਪੜ੍ਹਾਉਣ ਸਮਗਰੀ ਦੀ ਪ੍ਰਦਰਸ਼ਨੀ ਲਗਾਈ ਜਾਵੇ।

- ਇਸ ਤੋਂ ਇਲਾਵਾ ਵਿਦਿਆਰਥੀਆਂ ਵਲੋਂ ਸਮਰ ਕੈਂਪ ਦੌਰਾਨ ਤਿਆਰ ਕੀਤੇ ਸਮਾਨ ਦੀ ਪ੍ਰਦਰਸ਼ਨੀ ਵੀ ਲਗਾਈ ਜਾਵੇ।

- ਮਾਪਿਆਂ ਲਈ ਵੱਖ ਵੱਖ ਪ੍ਰਕਾਰ ਦੀਆਂ ਰੂਚੀਕਰ ਗਤੀਵਿਧੀਆਂ ਦਾ ਆਯੋਜਨ ਕੀਤਾ ਜਾ ਸਕਦਾ ਹੈ। ਜਿਵੇਂ ਕਿ ਵ੍ਹਾਈਟ ਬੋਰਡ, ਸਫ਼ੈਦ ਫ਼ਲੈਕਸ ਜਾਂ ਕੱਪੜੇ ਦੀ ਸ਼ੀਟ ਉੱਤੇ ਰੰਗਦਾਰ ਚਾਕ, ਮਾਰਕਰ ਜਾਂ ਪੇਂਟਿੰਗ ਕਲਰ ਨਾਲ ਮਾਪਿਆਂ ਵਲੋਂ ਕੋਈ ਤਸਵੀਰ ਬਣਾਉਣਾ ਜਾਂ ਕੁੱਝ ਲਿਖਣਾ ਜਾਂ ਹਸਤਾਖ਼ਰ ਕਰਨਾ ਆਦਿ।

- **ਸਕੂਲ ਮੁਖੀ ਦੁਆਰਾ -ਵਿਦਿਆਰਥੀਆਂ ਅਤੇ ਮਾਪਿਆਂ ਨੂੰ ਉਤਸਾਹਿਤ ਕਰਨਾ:**

    - ਸਕੂਲ ਮੁਖੀ ਦੁਆਰਾ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਵਿੱਚ ਵੱਧ ਅੰਕ ਪ੍ਰਾਪਤ ਕਰਨ, ਸਕੂਲ ਦੀਆਂ ਹਰ ਤਰ੍ਹਾਂ ਦੀਆਂ ਗਤੀਵਿਧੀਆਂ ਵਿੱਚ ਵੱਧੇਰੇ ਭਾਗੀਦਾਰੀ, ਹਾਜ਼ਰੀ ਵਿੱਚ ਵਾਧਾ ਕਰਨ ਲਈ ਉਤਸਾਹਿਤ ਕੀਤਾ ਜਾਵੇਗਾ।

    - ਸਕੂਲ ਮੁਖੀ ਦੁਆਰਾ ਮਾਪਿਆਂ ਨੂੰ ਛੁੱਟੀਆਂ ਦੌਰਾਨ ਵਿਦਿਆਰਥੀਆਂ ਦੀ ਪੜ੍ਹਾਈ ਲਈ ਸਮਾਂ ਸਾਰਣੀ ਬਣਾਉਣ, ਬੱਚਿਆਂ ਦੇ ਨਾਲ ਘਰ ਵਿੱਚ ਗਤੀਵਿਧੀਆਂ ਕਰਨ ਅਤੇ ਆਉਣ ਵਾਲੇ ਸਮੇਂ ਦੌਰਾਨ ਸਕੂਲ ਦੀਆਂ ਗਤੀਵਿਧੀਆਂ ਜਿਵੇਂ ਕਿ PTM ਆਦਿ ਵਿੱਚ ਵੱਧ ਤੋਂ ਵੱਧ ਭਾਗੀਦਾਰੀ ਲਈ ਉਤਸਾਹਿਤ ਕੀਤਾ ਜਾਵੇਗਾ।

    - ਸਕੂਲ ਮੁਖੀ ਮਾਪਿਆਂ ਨੂੰ ਸਿੱਖਿਆ ਵਿਭਾਗ ਦੁਆਰਾ ਕੀਤੀਆਂ ਜਾ ਰਹੀਆਂ ਨਵੀਆਂ ਪਹਿਲ ਕਦਮੀਆਂ ਜਿਵੇਂ ਕਿ ਮਿਸ਼ਨ ਸਮਰੱਥ, ਬੋਰਡ ਦੀਆਂ ਜਮਾਂਤਾ 8ਵੀਂ, 10ਵੀਂ ਅਤੇ 12ਵੀਂ ਲਈ ਮਿਸ਼ਨ 100 ਪ੍ਰਤੀਸ਼ਤ ਅਤੇ ਮਾਪਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਵੱਧ ਤੋਂ ਵੱਧ ਬੱਚੇ ਦਾਖਲ ਕਰਵਾਉਣ ਲਈ ਦਾਖਲਾ ਮੁਹਿਮ ਸੰਬੰਧੀ ਜਾਣਕਾਰੀ ਦੇਣਗੇ ਤਾਂ ਜੋ ਪੰਜਾਬ ਰਾਜ ਦਾ ਕੋਈ ਵੀ ਬੱਚਾ ਸਿੱਖਿਆ ਤੋਂ ਵਾਂਝਾਂ ਨਾ ਰਹੇ।

- **ਅਧਿਆਪਕਾਂ ਦੁਆਰਾ ਮਾਪਿਆਂ ਨਾਲ ਸੁਝਾਅ ਸਾਂਝੇ ਕੀਤੇ ਜਾ ਸਕਦੇ ਹਨ-**
    - ਅਧਿਆਪਕਾਂ ਦੁਆਰਾ ਮਾਪਿਆਂ ਨੂੰ ਬੱਚਿਆਂ ਨਾਲ ਸਮਾਂ ਬਿਤਾਉਣ ਅਤੇ ਘਰ ਵਿੱਚ ਉਹਨਾਂ ਦੀ ਪੜ੍ਹਾਈ ਲਈ ਸਮਾਂ ਤੈਅ ਕਰਨ ਲਈ ਸੁਝਾਅ ਦਿੱਤੇ ਜਾਣ।
    - ਮਾਪਿਆਂ ਵਲੋਂ ਵਿਦਿਆਰਥੀਆਂ ਦੇ ਟੈਲੀਵਿਜ਼ਨ ਅਤੇ ਫ਼ੋਨ ਦੀ ਵਰਤੋ ਦੇ ਸਮੇ ਨੂੰ ਘਟਾਓਣ ਲਈ ਯਤਨ ਕੀਤੇ ਜਾਣ।
    - ਮਾਪਿਆਂ ਵਲੋਂ ਵਿਦਿਆਰਥੀਆਂ ਦੀ ਹੋਮਵਰਕ ਅਤੇ ਹੋਰ ਗਤੀਵਿਧੀਆਂ ਵਿੱਚ ਘਰ ਵਿੱਚ ਮਦਦ ਕੀਤੀ ਜਾਵੇ।
    - ਮਾਪਿਆਂ ਵਲੋਂ ਬੱਚਿਆਂ ਤੋਂ ਸੂਕਲ ਵਿੱਚ ਉਹਨਾਂ ਦੀ ਪੂਰੇ ਦਿਨ ਦੀ ਕਾਰਗੁਜਾਰੀ ਬਾਰੇ ਪੁੱਛਿਆ ਜਾਵੇ।
    - ਮਾਪਿਆਂ ਅਤੇ ਵਿਦਿਆਰਥੀਆਂ ਨੂੰ ਪੀਟੀਐਮ ਸਬੰਧੀ ਫੀਡਬੈਕ ਲਈ Google form ਭਰਨ ਲਈ ਪ੍ਰੇਰਿਤ ਕੀਤਾ ਜਾਵੇ। Parents Feedback: https://forms.gle/BoWW12BMS9LfFhUe6
- **ਸਕੂਲ ਮੁੱਖੀ ਦੇ ਕੰਮ:**
- ਸਕੂਲ ਮੁੱਖੀ ਦੁਆਰਾ ਮਾਪਿਆਂ ਤੋਂ ਪ੍ਰਾਪਤ ਫੀਡਬੈਕ ਨੂੰ ਨੋਟ ਕੀਤਾ ਜਾਵੇਗਾ ਅਤੇ Google form ਰਾਹੀਂ ਮੁੱਖ ਦਫਤਰ ਨਾਲ ਸਾਂਝਾ ਕੀਤਾ ਜਾਵੇਗਾ। ਤਾਂ ਜੋ ਵਿਦਿਆਰਥੀਆਂ ਦੇ ਅਕਾਦਮਿਕ ਸੁਧਾਰ ਲਈ ਯੋਗ ਸੁਝਾਵਾਂ ਨੂੰ ਲਾਗੂ ਕੀਤਾ ਜਾ ਸਕੇ।
- ਸਮੂਹ ਸਕੂਲ ਮੁਖੀ ਮਾਪੇ - ਅਧਿਆਪਕ ਮਿਲਣੀ ਸੰਬੰਧੀ ਫੋਟੋਆਂ ਬਲਾਕ/ਜ਼ਿਲ੍ਹਾ ਗਰੁੱਪ ਵਿੱਚ ਸਾਂਝੀਆਂ ਕਰਨਗੇ।
- ਮਾਪੇ-ਅਧਿਆਪਕ ਮਿਲਣੀ ਦੋਰਾਨ ਇੱਕ ਸੁਝਾਅ ਬਾਕਸ ਰੱਖਿਆ ਜਾਵੇ ਅਤੇ ਬੱਚਿਆਂ ਅਤੇ ਮਾਪਿਆਂ ਨੂੰ ਇਸ ਸੁਝਾਅ ਬਾਕਸ ਦੀ ਵਰਤੋਂ ਬਾਰੇ ਜਾਣਕਾਰੀ ਦਿੱਤੀ ਜਾ ਸਕਦੀ ਹੈ।
- ਸਮੂਹ ਸਕੂਲ ਮੁਖੀ ਮਾਪੇ ਅਧਿਆਪਕ ਮਿਲਣੀ ਤੋਂ ਬਾਅਦ ਆਪਣੇ ਸਕੂਲ ਦੀ ਰਿਪੋਰਟ ਮਿਤੀ 16-12-2023 ਨੂੰ ਹੀ ਸ਼ਾਮ 4 ਵਜੇ ਤੱਕ ਮੁੱਖ ਦਫਤਰ ਵਲੋਂ ਭੇਜੇ ਗਏ ਲਿੰਕ ਤੇ ਉਪਲਬਧ ਪ੍ਰੋਫਾਰਮੇ ਤੇ ਅਪਲੋਡ ਕਰਨਾ ਯਕੀਨੀ ਬਣਾਉਣਗੇ। School Head Form - https://forms.gle/BtaP73KreKojr1hY7

6.0 **Mega PTM ਦਾ ਨਿਰੀਖਣ**: ਇਸ ਮਾਪੇ ਅਧਿਆਪਕ ਮਿਲਣੀ ਦੌਰਾਨ ਪਬਲਿਕ ਨੁਮਾਇੰਦਿਆਂ, ਸਬੰਧਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸਹਿਬਾਨ, ਐਸ.ਡੀ.ਐਮ. ਸਹਿਬਾਨ, ਮੁੱਖ ਦਫ਼ਤਰ ਦੇ ਅਧਿਕਾਰੀਆਂ, ਜ਼ਿਲ੍ਹਾ ਨੋਡਲ ਅਫਸਰ, ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.), (ਐ.ਸਿ.), ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.), (ਐ.ਸਿ.), ਡਾਇਟ ਪ੍ਰਿੰਸੀਪਲ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰਾਂ ਦੁਆਰਾ ਸਕੂਲਾਂ ਦਾ ਦੌਰਾ ਕੀਤਾ ਜਾਣਾ ਹੈ।

6.1 ਜ਼ਿਲ੍ਹਾ ਨੋਡਲ ਅਫਸਰ, ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.), (ਐ.ਸਿ.), ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.), (ਐ.ਸਿ.), ਡਾਇਟ ਪ੍ਰਿੰਸੀਪਲ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰਾਂ ਵਲੋਂ ਸਕੂਲਾਂ ਦਾ ਦੌਰਾ ਕਰਨ ਸਮੇਂ ਨਿਮਨ ਲਿਖਤ ਕਾਰਜ ਕੀਤੇ ਜਾ ਸਕਦੇ ਹਨ:

- ਮਾਪੇ ਅਧਿਆਪਕ ਮਿਲਣੀ ਵਾਲੇ ਦਿਨ ਸਕੂਲਾਂ ਦਾ ਦੌਰਾ ਕਰਨਾ, ਅਧਿਆਪਕਾਂ ਨੂੰ ਉਤਸ਼ਾਹਿਤ ਕਰਨਾ, ਮਾਪਿਆਂ ਨੂੰ ਮਿਸ਼ਨ ਸਮਰੱਥ, ਮਿਸ਼ਨ 100%, ਦਾਖਲਾ ਮੁੰਹਿਮ ਅਤੇ ਸਿੱਖਿਆ ਵਿਭਾਗ ਦੇ ਗੁਣਾਤਮਕ ਸਿੱਖਿਆ ਸੁਧਾਰਾਂ ਲਈ ਕੀਤੇ ਜਾ ਰਹੇ ਨਵੇਕਲੇ ਉਪਰਾਲਿਆਂ ਸੰਬੰਧੀ ਜਾਣਕਾਰੀ ਦੇਣਾ।
- ਪੀਟੀਐਮ ਦੀਆਂ ਗਤੀਵਿਧੀਆਂ ਦਾ ਨਿਰੀਖਣ ਕਰਨਾ ਅਤੇ ਸਕੂਲ ਪ੍ਰਬੰਧ ਅਤੇ ਸਿੱਖਣ ਸੁਧਾਰਾਂ ਬਾਰੇ ਮਾਪਿਆਂ ਤੋਂ ਸੁਝਾਅ ਲੈਣਾ।
- ਮਾਪੇ-ਅਧਿਆਪਕ ਮਿਲਣੀ ਦੌਰਾਨ ਪ੍ਰਾਪਤ ਵਧੀਆ ਅਨੁਭਵਾਂ ਅਤੇ ਸੁਧਾਰਾਂ ਦੇ ਸੁਝਾਵਾਂ ਨੂੰ ਵਿਭਾਗ ਦੇ ਸਬੰਧਤ ਅਧਿਕਾਰੀਆਂ ਨਾਲ ਸਾਂਝਾ ਕਰਨਾ।
- ਮਾਪੇ ਅਧਿਆਪਕ ਮਿਲਣੀ ਸਬੰਧੀ On Spot ਆਪਣੀ ਨਿਰੀਖਣ ਰਿਪੋਰਟ ਵਿਭਾਗ ਵਲੋਂ ਜਾਰੀ Google form ਲਿੰਕ ਰਾਹੀਂ ਭਰਨਾ। Observers Form - https://forms.gle/euLfQexrYQJxEjSz9

**(ਕਮਲ ਕਿਸ਼ੋਰ ਯਾਦਵ, ਆਈ.ਏ.ਐਸ.)**
**ਸਕੱਤਰ ਸਕੂਲ ਸਿੱਖਿਆ, ਪੰਜਾਬ।**

ਪਿੱਠ ਅੰਕਣ ਨੰਬਰ: ਉੱਕਤ ਮਿਤੀ: 12.12.2023

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ:

1. ਨਿੱਜੀ ਸਕੱਤਰ/ ਮਾਨਯੋਗ ਸਿੱਖਿਆ ਮੰਤਰੀ ਜੀ
2. ਨਿੱਜੀ ਸਕੱਤਰ/ਸਕੱਤਰ ਸਕੂਲ ਸਿੱਖਿਆ
3. ਨਿ. ਸ./ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ (ਚ)
4. ਨਿ. ਸ./ਡੀ.ਜੀ.ਐਸ.ਈ
5. ਨਿ. ਸ./ਡੀ. ਐਸ. ਈ. (ਸੈ.ਸਿ.)(ਐ.ਸਿ.)।
6. ਨਿ. ਸ./ ਡੀ. ਐਸ. ਈ. (ਐ.ਸਿ.)
7. ਸਮੂਹ ਪ੍ਰਿੰਸੀਪਲ ਡਾਇਟ।
8. ਸਮੂਹ ਜ਼ਿਲ੍ਹਾ ਨੋਡਲ ਅਫਸਰ

**(ਡਾ. ਸ਼ੰਕਰ ਚੌਧਰੀ)**
**ਸਹਾਇਕ ਡਾਇਰੈਕਟਰ**
**ਰਾਜ ਵਿੱਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ।**